ਅਤਿ ਜ਼ਰੂਰੀ/ਸਮਾਂ/ਮਿਤੀ ਬੱਧ

ਚਿਤਾਵਨੀ ਪੱਤਰ

## ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਮੈਡੀਕਲ ਸਿੱਖਿਆ ਭਵਨ, ਸੈਕਟਰ- 69, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ

ਵੱਲ,

ਪੰਜਾਬ ਰਾਜ ਦੀਆਂ ਸਮੂਹ ਮੈਡੀਕਲ ਸਿੱਖਿਆ ਨਾਲ ਸਬੰਧਤ
ਸੰਸਥਾਵਾਂ ਦੇ ਮੁਖੀਆਂ/ਪ੍ਰਿੰਸੀਪਲਜ਼ ਨੂੰ।

ਨੰ: 6ਐਮ.ਈ.3ਪੰ-2021/ 9078
ਮਿਤੀ, ਐੱਸ.ਏ.ਐੱਸ.ਨਗਰ: 02/6/2021

ਵਿਸ਼ਾ:- ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2015-16 ਅਤੇ 2016-17 ਦੇ ਵਿਦਿਆਰਥੀਆਂ ਦੇ **Account No., IFS Code, Bank Pass Book or Cancel Cheque** ਸਬੰਧੀ।

ਉਪਰਕੋਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ: 6ਐਮ.ਈ.3ਪੰ-2021/9048 ਅਤੇ 9049 ਮਿਤੀ 01.06.2021 ਦੇ ਹਵਾਲੇ ਵਿਚ।

ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2015-16 ਅਤੇ 2016-17 ਦੇ ਵਿਦਿਆਰਥੀਆਂ ਦੇ Account No., IFS Code, Bank Pass Book or Cancel Cheque ਸਬੰਧੀ ਇਸ ਦਫਤਰ ਵੱਲੋਂ ਵਾਰ-ਵਾਰ ਲਿਖਣ ਤੇ ਵੀ ਆਪ ਵੱਲੋਂ ਇਸ ਦਫਤਰ ਨੂੰ ਸੂਚਨਾ ਨਹੀਂ ਭੇਜੀ ਗਈ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਸੂਚਨਾ ਵੱਖ ਵੱਖ ਵਿਦਿਆਰਥੀਆਂ ਦਾ ਅਕਾਂਉਂਟ ਨੰ:, ਆਈ.ਐਫ.ਐੱਸ.ਸੀ., ਪਾਸ ਬੁੱਕ ਜਾਂ ਕੈਂਸਲ ਚੈੱਕ ਸਬੰਧੀ ਵੱਖਰੀ-ਵੱਖਰੀ ਪੀ.ਡੀ.ਐੱਫ. ਫਾਈਲ ਬਣਾਕੇ (1 ਐਮ.ਬੀ. ਤੋਂ ਘੱਟ) ਸਮੇਤ ਪੇਈ ਕੋਡ ਲਿਖਕੇ ਇਸ ਦਫਤਰ ਨੂੰ ਭੇਜੀ ਜਾਵੇ। ਜੇਕਰ ਆਪ ਦੀ ਸੰਸਥਾ ਕਿਸੇ ਵਿਦਿਆਰਥੀ ਦੀ ਸੂਚਨਾ ਦੇਣ ਵਿਚ ਅਸਮਰੱਥ ਹੈ ਤਾਂ ਇਸ ਸਬੰਧੀ ਕਾਰਣ ਸਪੱਸ਼ਟ ਕੀਤਾ ਜਾਵੇ।

ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਇਹ ਸੂਚਨਾ ਅੱਜ ਮਿਤੀ 02.06.2021 ਨੂੰ ਦੁਪਹਿਰ 2:00 ਵਜੇ ਤੱਕ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੁੰਦੀ ਤਾਂ ਆਪ ਨੂੰ ਸਰਕਾਰ ਵੱਲੋਂ ਜਾਰੀ ਕੀਤਾ ਐਨ.ਓ.ਸੀ. ਦੀਆਂ ਸਰਤਾਂ ਅਨੁਸਾਰ ਸੰਸਥਾਂ ਵਿਰੁੱਧ ਕਾਰਵਾਈ ਅਰੰਭੀ ਜਾਵੇਗੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ 02.6.21

**ਅੱਤੀ ਜਰੂਰੀ**

ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਪੱਤਰ ਨੰਬਰ: 6ਐਮ.ਈ.3-ਪੰ-2021/9078 ਮਿਤੀ 02-06-2021, ਰਾਹੀਂ ਜਿਸ ਦਾ ਸਬੰਧ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2015-16 ਅਤੇ 2016-17 ਦੇ ਵਿਦਿਆਰਥੀਆਂ ਦੇ Account No., IFS Code, Bank Pass Book or Cancel Cheque ਦੀ ਸੂਚਨਾਂ ਨਾ ਭੇਜਣ ਸਬੰਧੀ ਹੈ। ਆਪ ਵੱਲੋਂ ਸੂਚਨਾਂ ਦਫਤਰ ਡੀ.ਆਰ.ਐਮ.ਈ.ਵਿਖੇ ਪ੍ਰਾਪਤ ਨਾ ਹੋਣ ਕਾਰਣ ਸਰਕਾਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ ਅਤੇ ਸਰਕਾਰ ਦੀ ਹਦਾਇਤਾਂ ਅਨੁਸਾਰ ਸੂਚਨਾਂ ਮਿਤੀ 04-06-2021 ਸਮਾਂ 04:00 ਵਜੇ ਤੱਕ ਉਪਲਬਧ ਨਾ ਕਰਵਾਉਣ ਦੀ ਸੂਰਤ ਵਿੱਚ ਸਰਕਾਰ/ਪੀ.ਐਨ.ਆਰ.ਸੀ ਵੱਲੋਂ ਸਖਤ ਕਾਰਵਾਈ ਆਰੰਭੀ ਜਾਵੇਗੀ ਅਤੇ ਐਫੀਲਿਏਸ਼ਨ ਬਾਰੇ ਰਿਵਿਊ ਕੀਤਾ ਜਾਵੇਗਾ।